PRESS MONITOR

Publication : Akali Patrika
Edition : Jalandhar
Date : February 23, 2017

# ਐਚ.ਐਸ.ਆਈ.ਐਲ ਲਿਮਿਟੇਡ ਦੇ ਏਅਰ ਕੂਲਰਾਂ ਦੀ ਨਵੀਂ ਰੇਂਜ ਲਾਂਚ

ਜਲੰਧਰ, 22 ਫਰਵਰੀ-ਭਾਰਤ ਦੀ ਸੈਨੀਟਰੀਵੇਅਰ ਮਾਰਕਿਟ ਦੇ ਪ੍ਰਮੁੱਖ ਬ੍ਰਾਂਡ ਹਿੰਡਵੇਅਰ ਦੇ ਪ੍ਰੋਮੋਟਰ ਐਚ.ਐਸ.ਆਈ.ਐਲ ਲਿਮਿਟੇਡ ਨੇ ਅੱਜ ਆਪਣੇ ਬ੍ਰਾਂਡ ਹਿੰਡਵੇਅਰ ਸਨੋਕਰੈਸਟ ਦੇ ਅੰਤਰਗਤ ਬਦਲੇ ਜਾ ਸਕਣ ਵਾਲੇ ਰੰਗੀਨ ਫਰੰਟ ਵਾਲੇ ਆਪਣੇ ਏਅਰ ਕੂਲਰਾਂ ਦੀ ਇੱਕ ਨਵੀਂ ਸ਼੍ਰੇਣੀ ਦੀ ਰੇਂਜ ਦੀ ਘੋਸ਼ਣਾ ਕੀਤੀ। ਏਅਰ ਕੂਲਰਾਂ ਦੀ ਪੇਸ਼ ਕੀਤੀ ਗਈ ਨਵੀਂ ਸ਼੍ਰੇਣੀ ਐਚ.ਐਸ.ਆਈ.ਐਲ ਦੀ ਪਰਭਾਵੀ ਅਤੇ ਵਿਸ਼ਾਲ ਉਪਭੋਗਤਾ ਉਤਪਾਦ ਡਿਵੀਜਨ ਨੂੰ ਮਜਬੂਤ ਕਰੇਗੀ। ਏਅਰ ਕੂਲਰਾਂ ਦੀ 3,650/- ਕਰੋੜ ਰੁਪਏ ਦੀ ਵਿਕਾਸਸ਼ੀਲ ਮਾਰਕਿਟ ਨੇ ਅਜੇ ਤੱਕ 10% ਦੀ ਹੀ ਹਿੱਸੇਦਾਰੀ ਕੀਤੀ ਹੈ, ਫਿਰ ਵੀ ਵਿੱਤੀ ਸਾਲ14 ਤੋਂ ਵਿੱਤੀ ਸਾਲ 17 ਤੱਕ ਇਸ ਵਿੱਚ 16% ਦਾ ਆਇਤਨ ਸੀ.ਏ.ਜੀ.ਆਰ ਹੋਇਆ ਹੈ। ਬਜਾਰ ਵਿੱਚ ਸਿਰਫ 1/3 ਹਿੱਸੇ ਦਾ ਯੋਗਦਾਨ ਦੇਣ ਵਾਲੇ ਆਯੋਜਿਤ ਬਜਾਰ ਨਾਲ ਏਅਰ ਕੂਲਰਾਂ ਦੀ ਰੇਂਜ ਐਚ.ਐਸ.ਆਈ.ਐਲ ਨੂੰ ਆਪਣੀ ਮੌਜੂਦਾ ਸਥਿਤੀ ਨੂੰ ਮਜਬੂਤ ਕਰਨ ਵਿੱਚ ਮਦਦ ਕਰੇਗੀ। ਇਸ ਲਾਂਚ ਦੇ ਮੌਕੇ ਬੋਲਦਿਆਂ ਐਚ.ਐਸ.ਆਈ.ਐਲ ਲਿਮਿਟੇਡ ਦੇ ਵੀ.ਸੀ.ਐਮ.ਡੀ ਸ਼੍ਰੀ ਸੰਦੀਪ ਸੋਮਨੀ ਨੇ ਕਿਹਾ, "ਉੱਤਮ ਡਿਜਾਇਨ, ਨਵੀਨਤਾ ਅਤੇ ਬਿਹਤਰੀਨ ਕਵਾਲਟੀ ਐਚ.ਐਸ.ਆਈ.ਐਲ ਦੇ ਕਾਰੋਬਾਰ ਦੀ ਫਿਲੌਸਫੀ ਦੇ ਕੇਂਦਰ ਦਾ ਨਿਰਮਾਣ ਕਰਦੇ ਹਨ। ਉਪਭੋਗਤਾ ਕਾਰੋਬਾਰ ਦੀ ਅਨੇਕਤਾ ਦਾ ਵਿਕਾਸ ਕਰਨ ਅਤੇ ਸ਼੍ਰੇਣੀ ਵਿੱਚ ਪ੍ਰਮੁੱਖ ਬਣਨ ਦੇ ਉਦੇਸ਼ ਨਾਲ ਅਸੀਂ ਲਗਾਤਾਰ ਆਪਣੇ ਉਪਭੋਗਤਾਵਾਂ ਨੂੰ ਬਿਹਤਰੀਨ ਉਤਪਾਦ ਪ੍ਰਦਾਨ ਕਰ ਰਹੇ ਹਾਂ। ਉਪਭੋਗਤਾ ਉਤਪਾਦ ਡਿਵੀਜਨ ਦੇ ਅੰਤਰਗਤ ਉਤਪਾਦਾਂ ਨੇ ਸਾਨੂੰ ਆਇਤਨ ਪ੍ਰਦਾਨ ਕੀਤਾ ਹੈ ਅਤੇ ਨਵੇਂ ਉਪਭੋਗਤਾਵਾਂ ਤੱਕ ਪਹੁੰਚਣ ਲਈ ਸਾਡੀ ਮਦਦ ਕੀਤੀ ਹੈ ਅਤੇ ਅਸੀਂ ਇਹ ਦੇਖਣ ਲਈ ਉਤਸੁਕ ਹਾਂ ਕਿ ਕੀ ਸਾਡੀ ਯੋਜਨਾ ਸਹੀ ਰਾਹ ਤੇ ਹੈ ਅਤੇ ਇਸਦੇ ਨਤੀਜੇ ਕੀ ਨਿਕਲਦੇ ਹਨ।"

